5Page10.qxd 10/04/2024 10:32 PM Page 1

ਮੋਗਾ 'ਚ ਪੰਚਾਇਤੀ ਚੋਣਾਂ ਦੌਰਾਨ ਨਾਮਜ਼ਦਗੀ ਪੱਤਰ ਭਰਨ ਵੇਲੇ ਸਥਿਤੀ ਬਣੀ ਤਣਾਅਪੂਰਨ

ਸਲੀਨਾ 'ਚ ਪ੍ਰਵਾਰਕ ਸਾਂਝ ਟੁੱਟੀ- ਜੇਠ ਤੇ ਭਰਜਾਈ ਝਗੜੇ ਦੌਰਾਨ ਜ਼ਖ਼ਮੀ

ਮੋਗਾ, 4 ਅਕਤੂਬਰ (ਬਿੱਟੂ ਗਰੋਵਰ) : ਪੰਜਾਬ 'ਚ ਪੰਚਾਇਤ ਚੋਣਾਂ ਸਬੰਧੀ ਅੱਜ ਨਾਮਜ਼ਦਗੀ ਪੱਤਰ ਭਰਨ ਵੇਲੇ ਮੋਗਾ 'ਚ ਸਥਿਤੀ ਉਦੋਂ ਤਣਾਅਪੂਰਨ ਬਣ ਗਈ ਜਦੋਂ ਲੰਢੇਕੇ ਸਥਿਤ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਮੂਹਰੇ ਪਿੰਡ ਸਲੀਨਾ ਦੇ ਭਾਜਪਾ ਅਤੇ ਆਪ ਵਲੰਟੀਅਰ ਆਹਮੋ- ਸਾਹਮਣੇ ਹੋ ਗਏ ਤੇ ਇਸ ਦੌਰਾਨ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵਾਲੇ ਕਈ ਉਮੀਦਵਾਰਾਂ ਦੇ ਕਥਿਤ ਤੌਰ 'ਤੇ ਕਾਗਜ਼ਾਤ ਵੀ ਪਾੜ੍ਹ ਦਿਤੇ ਗਏ। ਇੱਥੇ ਹੀ ਬੱਸ ਨਹੀਂ ਪਿੰਡ ਭੇਖਾ ਤੋਂ ਪੁੱਜੇ ਉਮੀਦਵਾਰਾਂ ਦਾ ਦੋਸ਼ ਸੀ ਕਿ ਉਨ੍ਹਾਂ ਦੇ ਪਿੰਡ ਸਰਬਸੰਮਤੀ ਹੋਈ ਹੈ ਪ੍ਰੰਤੂ ਫ਼ਿਰ ਵੀ ਉਨ੍ਹਾਂ ਨੂੰ ਫ਼ਾਇਲਾਂ ਜਮ੍ਹਾਂ ਨਹੀਂ ਕਰਵਾਉਣ ਦਿਤੀਆਂ ਗਈਆਂ। ਅੱਜ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੇ ਆਖ਼ਰੀ ਦਿਨ ਸਭ ਤੋਂ ਮੰਦਭਾਗੀ ਘਟਨਾ ਇਹ ਵਾਪਰੀ ਕਿ ਪਿੰਡ ਸਲੀਨਾ ਦੀ ਪ੍ਰਵਾਰਕ ਸਾਂਝ ਵੀ ਟੁੱਟੀ ਹੈ। ਜਾਣਕਾਰੀ ਅਨੁਸਾਰ ਪਿੰਡ ਦੇ ਮੌਜੂਦਾ ਸਰਪੰਚ ਤੇ ਭਾਰਤੀ ਜਨਤਾ ਪਾਰਟੀ ਪੰਜਾਬ ਮਹਿਲਾ ਵਿੰਗ ਦੇ ਵਾਈਸ ਪ੍ਰਧਾਨ ਮਨਿੰਦਰ ਕੌਰ ਨੇ ਦੋਸ਼ ਲਗਾਇਆ ਕਿ ਉਹ ਅਪਣੇ ਸਮਰਥਕ 9 ਪੰਚਾਇਤ ਮੈਂਬਰਾਂ ਦੇ ਕਾਗਜ਼ਾਤ ਭਰਵਾਉਣ ਲਈ ਅਪਣੇ ਪਤੀ ਗੁਰਪ੍ਰੀਤ ਸਿੰਘ ਨਾਲ ਆਏ ਸਨ ਤੇ ਇਸੇ ਦੌਰਾਨ ਹੀ ਮੇਰੇ ਜੇਠ ਸਾਬਕਾ ਸਰਪੰਚ ਜੱਸਾ ਸਲੀਨਾ ਅਪਣੇ ਸਾਥੀਆਂ ਨਾਲ ਹਥਿਆਰਾਂ ਨਾਲ ਲੈੱਸ ਹੋ ਕੇ ਆ ਗਏ ਜਿਨ੍ਹਾਂ ਨੇ ਪੁਲਿਸ ਅਧਿਕਾਰੀ ਦੀ ਹਾਜ਼ਰੀ ਵਿਚ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿਤੀ। ਹਸਪਤਾਲ ਵਿਖੇ ਜੇਰੇ ਇਲਾਜ਼ ਸਰਪੰਚ ਮਨਿੰਦਰ ਕੌਰ ਨੇ ਕਿਹਾ ਕਿ ਪਹਿਲਾ ਜਾਣ ਬੁੱਝ ਕੇ ਪਿੰਡ ਦਾ ਰਾਖਵਾਂਕਰਨ ਕੀਤਾ ਤੇ ਹੁਣ ਸਾਨੂੰ ਚੋਣ ਮੈਦਾਨ ਵਿਚ ਲਾਂਭੇ ਕੀਤਾ ਗਿਆ ਹੈ।

ਇਸੇ ਦੌਰਾਨ ਹੀ ਸਿਵਲ ਹਸਪਤਾਲ ਵਿਖੇ ਸਿਰ ਵਿਚ ਗੰਭੀਰ ਸੱਟ ਲੱਗਣ ਕਰ ਕੇ ਜ਼ਖ਼ਮੀ ਹਾਲਾਤ ਵਿਚ ਪਏ ਸਾਬਕਾ ਸਰਪੰਚ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਪੰਚ ਮਨਿੰਦਰ ਕੌਰ ਉਸਦੇ ਪਤੀ ਗੁਰਪ੍ਰੀਤ ਸਿੰਘ ਅਤੇ ਉਸਦੇ ਭਰਾ ਲਾਡੀ ਸਮੇਤ ਹੋਰ 10-15 ਅਣਪਛਾਤਿਆਂ ਨੇ ਆ ਕੇ ਹਮਲਾ ਕਰ ਦਿਤਾ ਤੇ ਪੁਲਿਸ ਪ੍ਰਸ਼ਾਸਨ ਵਲੋਂ ਆਉਣ ਮਗਰੋਂ ਉਹ ਭੱਜ ਗਏ। ਉਨ੍ਹਾਂ ਕਿਹਾ ਕਿ ਸੋਚੀ ਸਮਝੀ ਸਾਜ਼ਿਸ ਤਹਿਤ ਉਸਦੇ ਹਮਲਾ ਕੀਤਾ ਗਿਆ ਹੈ। ਉਨ੍ਹਾਂ ਇਨਸਾਫ਼ ਦੀ ਮੰਗ ਕੀਤੀ ਹੈ।

ਪਿਤਾ ਵਲੋਂ ਨਸ਼ਈ ਪੁੱਤਰ ਦਾ ਕਤਲ

ਮੌੜ ਮੰਡੀ, 4 ਅਕਤੂਬਰ (ਰਾਧੇਸ਼ਾਮ ਜੈਨ) : ਬੀਤੀ ਰਾਤ ਨੇੜਲੇ ਪਿੰਡ ਸੰਦੋਹਾ ਵਿਖੇ ਇਕ ਪਿਤਾ ਵਲੋਂ ਅਪਣੇ ਪੁੱਤਰ ਦੇ ਸਿਰ ਵਿਚ ਫੌੜਾ ਮਾਰ ਕੇ ਕਤਲ ਕਰ ਦਿਤਾ। ਮ੍ਰਿਤਕ ਦੀ ਮਾਤਾ ਮੂਰਤੀ ਕੌਰ ਪਤਨੀ ਹੁਸ਼ਿਆਰ ਸਿੰਘ ਦੇ ਬਿਆਨਾਂ ਤੇ ਕਾਰਵਾਈ ਕਰਦੇ ਹੋਏ ਧਾਰਾ 103 ਦੇ ਤਹਿਤ ਪਰਚਾ ਦਰਜ ਕੀਤਾ ਗਿਆ। ਮੂਰਤੀ ਕੌਰ ਨੇ ਦਸਿਆ ਕਿ ਮ੍ਰਿਤਕ ਨਸ਼ਿਆਂ ਦਾ ਆਦੀ ਸੀ ਵਾਰਦਾਤ ਮੌਕੇ ਵੱਡਾ ਲੜਕਾ ਖੇਤ ਗਿਆ ਹੋਇਆ ਸੀ ਜਦਕਿ ਮ੍ਰਿਤਕ ਗੁਰਸੇਵਕ ਸਿੰਘ ਬੀਕਰੋ ਬਾਹਰ ਸੀ ਅਤੇ ਕਰੀਬ ਰਾਤ 9:30 ਵਜੇ ਘਰ ਆਇਆ ਜਿਸ ਨੇ ਨਸ਼ਾ ਕੀਤਾ ਹੋਇਆ ਸੀ ਨੇ ਘਰ ਆ ਕੇ ਰੌਲਾ ਪਾਉਣ ਸ਼ੁਰੂ ਕਰ ਦਿਤਾ ਤਾਂ ਉਸ ਦੇ ਪਿਉ ਵਲੋਂ ਉਸ ਨੂੰ ਰੋਕਿਆ ਗਿਆ ਜਿਸਦੇ ਚਲਦੇ ਗੁੱਸੇ ਵਿਚ ਆ ਕੇ ਗੁਰਸੇਵਕ ਅਪਣੇ ਪਿਤਾ ਨਾਲ ਲੜਨ ਲੱਗ ਪਿਆ। ਵੇੜੇ ਵਿਚ ਪਿਆ ਫੌੜਾ ਪਿਉ ਨੇ ਚੁੱਕ ਕੇ ਮ੍ਰਿਤਕ ਗੁਰਸੇਵਕ ਦੇ ਸਿਰ ਤੇ ਵਾਰ ਕੀਤੇ ਜਿਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ। ਪੁਲਿਸ ਦੇ ਦਸਿਆ ਕਿ ਪਰਚਾ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਮੋਗਾ ਪੁਲਿਸ ਨੇ ਦੋ ਨਸ਼ਾ ਤਸਕਰਾਂ ਦੀ ਕੁਲ 62,41,906 ਰੁਪਏ ਦੀ ਜਾਇਦਾਦ ਕਰਵਾਈ ਜ਼ਬਤ

ਪੁਲਿਸ ਨੇ ਦੋ ਵੱਖ ਵੱਖ ਥਾਵਾਂ ਨਸ਼ਾ ਤਸਕਰਾਂ ਦੀ ਜਾਇਦਾਦ ਨੂੰ ਫਰੀਜ ਦੇ ਪੋਸਟਰ ਚਿਪਕਾਏ ਗਏ।

ਮੋਗਾ 4 ਅਕਤੂਬਰ (ਅਮਰੀਕ ਸੰਧੂ): ਰਵਿੰਦਰ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਦੀ ਨਿਗਰਾਨੀ ਹੇਠ ਸਬ-ਇੰਸਪੈਕਟਰ ਗੁਰਤੇਜ ਸਿੰਘ, ਮੁੱਖ ਅਫ਼ਸਰ ਥਾਣਾ ਸਿਟੀ ਮੋਗਾ ਵਲੋਂ ਮੁਲਜ਼ਮ ਜਸਪ੍ਰੀਤ ਸਿੰਘ ਮੁਕੱਦਮਾ ਨੰਬਰ 170 ਮਿਤੀ 30- 07-2022 ਅ/ਧ 21,29-61-85 ਐਨ ਡੀ ਪੀ ਐਸ ਐਕਟ ਥਾਣਾ ਸਿਟੀ ਵਿਚ ਨਾਮਜ਼ਦ ਅਰੋਪੀ ਜਸਪ੍ਰੀਤ ਸਿੰਘ ਉਰਫ਼ ਜੱਸਾ ਵਾਸੀ ਚੜਿੱਕ ਪਾਸੋਂ 290 ਗ੍ਰਾਮ ਹੈਰੋਇਨ ਅਤੇ 3 ਲੱਖ ਰੁਪਏ ਡਰੱਗ ਮਨੀ ਬਰਾਮਦ ਹੋਈ ਸੀ ਅਤੇ ਇਸ ਤੋਂ ਇਲਾਵਾ ਜਸਪ੍ਰੀਤ ਸਿੰਘ ਉਕਤ ਵਿਰੁਧ ਮੁਕੱਦਮਾ ਨੰਬਰ 42 ਮਿਤੀ 13.03.2024 ਅ /ਧ 21 ਆਫ ਐਨਡੀਪੀਐਸ ਅਕਟ ਥਾਣਾ ਸਿਟੀ ਮੋਗਾ ਦਰਜ ਰਜਿਸਟਰ ਹੈ ਜਿਸ ਵਿਚ 5 ਕਿਲੋ 500 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਸੀ। ਅਰੋਪੀ ਜਸਪ੍ਰੀਤ ਸਿੰਘ ਵਲੋਂ ਕਥਿਤ ਤੌਰ 'ਤੇ ਨਸ਼ੇ ਦੀ ਸਮਗਲਿੰਗ ਕਰ ਕੇ ਬਣਾਈ ਜਾਇਦਾਦ ਇਸ ਦੇ ਮਕਾਨ 110 ਸਕੁੇਅਰ ਫੁੱਟ ਲਾਲ ਲਕੀਰ ਦੇ ਅੰਦਰ, ਪਿੰਡ ਚੜਿੱਕ, ਜ਼ਿਲ੍ਹਾ ਮੋਗਾ ਵਿਖੇ ਜਿਸ ਦੀ ਕੀਮਤ ਕਰੀਬ 50,00,000/- ਰੁਪਏ ਹੈ।

ਇਸੇ ਤਰ੍ਹਾਂ ਡੀ ਐਸਪੀ ਸਿਟੀ ਰਵਿੰਦਰ ਸਿੰਘ ਨੇ ਦਸਿਆ ਕਿ ਅਰੋਪੀ ਸੰਦੀਪ ਸਿੰਘ ਜਿਸ ਵਿਰੁਧ ਮੁਕੱਦਮਾ ਨੰਬਰ 42 ਮਿਤੀ 13.03.2024ਅ /ਧ 21 ਆਫ ਐਨ ਡੀ ਪੀ ਐਸ ਐਕਟ ਥਾਣਾ ਸਿਟੀ ਮੋਗਾ ਦੇ ਅਰੋਪੀ ਸੰਦੀਪ ਸਿੰਘ ਮੋਗਾ ਪਾਸੋਂ 5 ਕਿਲੋ 500 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਸੀ । ਅਰੋਪੀ ਸੰਦੀਪ ਸਿੰਘ ਉਕਤ ਵਲੋਂ ਬਣਾਈ ਜਾਇਦਾਦ ਕ੍ਰੀਬ 4 ਮਰਲੇ ਕੁਲ ਕੀਮਤ 12,41,906/- ਰੁਪਏ ਹੈ, ਨੂੰ ਅਟੈਚ ਕਰਨ ਸਬੰਧੀ ਇਨ੍ਹਾਂ ਦੇ ਘਰ ਦੇ ਬਾਹਰ ਪੋਸਟਰ ਚਿਪਕਾਏ ਗਏ ਹਨ ਜਿਸ ਵਿਚ ਦੋਹਾਂ ਕਥਿਤ ਨਸ਼ਾ ਤਸਕਰਾਂ ਦੀ ਕੁਲ 62,41,906/- ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ ਜਿਸ ਨੂੰ ਐਨ.ਡੀ.ਪੀ.ਐਸ ਐਕਟ ਦੀ ਧਾਰਾ 68-ਐਫ਼(2) ਤਹਿਤ ਭਾਰਤ ਸਰਕਾਰ ਦੇ ਵਿੱਤ ਵਿਭਾਗ ਦੇ ਸਮਰੱਥ ਅਧਿਕਾਰੀ ਪਾਸੋਂ ਹੁਕਮ ਨੰਬਰ 1471-5 ਏ ਮਿਤੀ 29-08-2024 ਨੂੰ ਫਰੀਜ ਹੁਕਮ ਹਾਸਲ ਕਰਨ ਉਪਰੰਤ ਅਟੈਚ ਕਰਵਾਈ ਗਈ ਹੈ। ਇਸ ਤੋਂ ਇਲਾਵਾ ਇਹ ਵੀ ਦਸਿਆ ਕਿ ਭੱਵਿਖ ਵਿਚ ਹੋਰ ਵੀ ਨਸ਼ਾ ਤਸਕਰਾਂ ਵਿਰੁਧ ਇਸੇ ਤਰ੍ਹਾਂ ਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਕ ਨਜ਼ਰ...

530 ਗ੍ਰਾਮ ਹੈਰੋਇਨ ਅਤੇ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਦੋ ਗ੍ਰਿਫ਼ਤਾਰ

ਫ਼ਿਰੋਜ਼ਪੁਰ, 4 ਅਕਤੂਬਰ (ਜਸਵਿੰਦਰ ਸਿੰਘ ਸੰਧੂ) : ਸੀ.ਆਈ.ਏ ਸਟਾਫ਼ ਫ਼ਿਰੋਜ਼ਪੁਰ ਪੁਲਿਸ ਦੇ ਸਬ-ਇਸਪੈਕਟਰ ਸੁਖਬੀਰ ਸਿੰਘ ਨੇ ਦਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਚੈਕਿੰਗ ਦੇ ਸਬੰਧ ਵਿਚ ਪਿੰਡ ਬੰਡਾਲਾ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿਤੀ ਕਿ ਦੋਸ਼ੀਅਨ ਸਵਰਨਜੀਤ ਸਿੰਘ ਉਰਫ਼ ਗੋਲਾ ਪੁੱਤਰ ਮੁਖ਼ਤਿਆਰ ਸਿੰਘ ਅਤੇ ਪਰਮਜੀਤ ਕੌਰ ਪਤਨੀ ਮੁਖ਼ਤਿਆਰ ਸਿੰਘ ਵਾਸੀਅਨ ਪੱਤੀ ਬੀਜੇ ਕੇ ਡੱਲ ਖਾਲੜਾ ਜ਼ਿਲ੍ਹਾ ਤਰਨਤਾਰਨ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ, ਜੋ ਅੱਜ ਫ਼ਿਰੋਜ਼ਪੁਰ ਖੇਤਰ ਵਿਚ ਡਿਲੀਵਰੀ ਦੇਣ ਜਾ ਰਹੇ ਹਨ। ਪੁਲਿਸ ਨੇ ਨਾਕਾਬੰਦੀ ਕਰ ਕੇ ਦੋਸ਼ੀਆਨ ਨੂੰ ਕਾਬੂ ਕੀਤਾ ਤੇ 530 ਗ੍ਰਾਮ ਹੈਰੋਇਨ ਬਰਾਮਦ ਹੋਈ। ਦੋਸ਼ੀਅਨ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਸੜਕ ਹਾਦਸੇ 'ਚ ਮਾਂ ਦੀ ਮੌਤ ਤੇ ਧੀਆਂ ਜ਼ਖ਼ਮੀ



ਗੁਰਦਾਸਪੁਰ 5 ਅਕਤੂਬਰ (ਪਪ): ਇਕ ਸੜਕ ਹਾਦਸੇ 'ਚ ਮਾਂ ਦੀ ਮੌਤ ਅਤੇ ਧੀਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਇਸ ਸਬੰਧੀ ਏ.ਐੱਸ.ਆਈ ਅਵਤਾਰ ਸਿੰਘ ਨੇ ਦੱਸਿਆ ਕਿ ਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਝੰਡਾ ਲੁਬਾਣਾ ਨੇ ਬਿਆਨ ਦਿੱਤਾ ਕਿ ਉਸ ਦੀ ਭੈਣ ਅਮਨਦੀਪ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਚੱਕ ਸਰੀਫ਼ ਆਪਣੀ ਸਕੂਟਰੀ ਨੰਬਰ ਪੀ. ਬੀ. 06 ਏ.ਐੱਸ 7817 ਐਕਟਿਵਾ 'ਤੇ ਆਪਣੀਆਂ ਕੁੜੀਆਂ ਤਨਵੀਰ ਕੌਰ ਅਤੇ ਹਰਨੂਰ ਕੌਰ ਨਾਲ ਜਾ ਰਹੀ ਸੀ ਤਾਂ ਸਾਹਮਣੇ ਤੋਂ ਇਕ ਸਕਾਰਪਿਉ ਗੱਡੀ ਨੰਬਰ ਪੀਬੀ06 ਬੀ.ਐੱਚ 0036 ਨੇ ਟੱਕਰ ਮਾਰ ਦਿੱਤੀ। ਤਿੰਨੇ ਜਾਣੀਆ ਜ਼ਖ਼ਮੀ ਹੋ ਗਈਆਂ। ਇਲਾਜ ਦੌਰਾਨ ਅਮਨਦੀਪ ਕੌਰ ਦੀ ਮੌਤ ਹੋ ਗਈ। ਪੁਲਸ ਮਨਦੀਪ ਸਿੰਘ ਦੇ ਬਿਆਨਾਂ 'ਤੇ ਦੋਸ਼ੀ ਰਛਪਾਲ ਸਿੰਘ ਉਰਫ ਲਵ ਦ ਵਿਰੁਧ ਮਾਮਲਾ ਦਰਜ ਕਰ ਲਿਆ ਹੈ।

ਕੈਂਟਰ ਦੀ ਟੱਕਰ 'ਚ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੀ ਮੌਤ

ਅਬੋਹਰ, 4 ਅਕਤੂਬਰ (ਕੁਲਦੀਪ ਸਿੰਘ ਸੰਧੂ) : ਕਿੱਲਿਆਂ ਵਾਲੀ ਬਾਈਪਾਸ ਨੇੜੇ ਵੀਰਵਾਰ ਦੇਰ ਸ਼ਾਮ ਕੈਂਟਰ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪਿੰਡ ਖਾਟਵਾ ਦਾ ਰਹਿਣ ਵਾਲਾ 59 ਸਾਲਾ ਪ੍ਰਭ ਦਿਆਲ ਅਤੇ 45 ਸਾਲਾ ਜੋਗਿੰਦਰ ਵਾਸੀ ਪਿੰਡ ਖਾਟਵਾ ਅਪਣੇ ਹੋਰ ਸਾਥੀ ਨਾਲ ਮੋਟਰਸਾਈਕਲ 'ਤੇ ਹਸਤਾ ਕਲਾਂ ਪਿੰਡ ਵੱਲ ਜਾ ਰਿਹਾ ਸੀ। ਜਿੱਥੇ ਅਬੋਹਰ-ਕਿੱਲਿਆਂਵਾਲੀ ਬਾਈਪਾਸ ਨੇੜੇ ਇਕ ਕੈਂਟਰ ਨੇ ਮੋਟਰਸਾਈਕਲ ਸਵਾਰਾਂ ਨੂੰ ਰੋਕ ਕੇ ਟੱਕਰ ਮਾਰ ਦਿਤੀ, ਜਿਸ ਕਾਰਨ ਦੋਵੇਂ ਮੋਟਰਸਾਈਕਲ ਸਵਾਰ ਗੰਭੀਰ ਜ਼ਖ਼ਮੀ ਹੋ ਗਏ। ਦੋਵਾਂ ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ ਪਰ ਇਲਾਜ ਦੌਰਾਨ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿਤਾ। ਦੂਜੇ ਪਾਸੇ ਘਟਨਾ ਦੀ ਸੂਚਨਾ ਪੁਲਿਸ ਨੂੰ ਦੇ ਦਿਤੀ ਗਈ ਹੈ ਅਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੰਜਾਬ ਵਿਚ ਪਰਾਲੀ ਸਾੜਨ ਦੇ 179 ਹੋਏ ਮਾਮਲੇ, ਸੱਭ ਤੋਂ ਵੱਧ 86 ਮਾਮਲੇ ਅੰਮ੍ਰਿਤਸਰ ਤੋਂ ਸਾਹਮਣੇ ਆਏ

ਚੰਡੀਗੜ੍ਹ, 4 ਅਕਤੂਬਰ (ਸਸਸ) : ਪੰਜਾਬ ਵਿਚ ਸਖ਼ਤੀ ਦੇ ਬਾਵਜੂਦ ਸ਼ਰੇਆਮ ਪਰਾਲੀ ਸਾੜੀ ਜਾ ਰਹੀ ਹੈ। ਸੂਬੇ ਵਿਚ ਕਲ ਪਰਾਲੀ ਦੇ 8 ਨਵੇਂ ਮਾਮਲੇ ਸਾਹਮਣੇ ਆਏ ਜਿਸ ਨਾਲ ਹੁਣ ਕੁਲ ਮਾਮਲੇ 179 ਹੋ ਗਏ। ਸੱਭ ਤੋਂ ਵੱਧ ਅੰਮ੍ਰਿਤਸਰ ਤੋਂ 86 ਮਾਮਲੇ ਸਾਹਮਣੇ ਆਏ ਹਨ। ਸੂਬੇ 'ਚ 27 ਸਤੰਬਰ ਤਕ ਪਰਾਲੀ ਸਾੜਨ ਦੇ 98 ਮਾਮਲੇ ਸਾਹਮਣੇ ਆਏ ਸੀ, ਜੋ ਸਿਰਫ਼ ਛੇ ਦਿਨਾਂ ਵਿਚ ਵੱਧ ਕੇ 171 ਹੋ ਗਏ ਹਨ। ਪਰਾਲੀ ਸਾੜਨ ਦੇ ਸੱਭ ਤੋਂ ਵੱਧ 86 ਮਾਮਲੇ ਅੰਮ੍ਰਿਤਸਰ ਤੋਂ ਸਾਹਮਣੇ ਆਏ ਹਨ। ਵੀਰਵਾਰ ਨੂੰ ਜ਼ਿਲ੍ਹਾ ਅੰਮ੍ਰਿਤਸਰ 'ਚ ਪਰਾਲੀ ਸਾੜਨ ਦੀਆਂ ਤਿੰਨ, ਗੁਰਦਾਸਪੁਰ 'ਚ ਦੋ, ਜਲੰਧਰ ਵਿਚ ਇਕ ਅਤੇ ਤਰਨਤਾਰਨ ਵਿਚ ਦੋ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

ਤੜਕਸਾਰ ਲੁਧਿਆਣਾ 'ਚ ਮਸ਼ਹੂਰ ਕਾਰੋਬਾਰੀ ਦੇ ਠਿਕਾਣਿਆਂ 'ਤੇ ਈ.ਡੀ. ਨੇ ਕੀਤੀ ਛਾਪੇਮਾਰੀ

ਲੁਧਿਆਣਾ, 4 ਅਕਤੂਬਰ (ਪੱਤਰ ਪ੍ਰੇਰਕ) : ਈ.ਡੀ. ਨੇ ਸ਼ੁਕਰਵਾਰ ਸਵੇਰੇ ਅਚਾਨਕ ਲੁਧਿਆਣਾ 'ਚ ਦਸਤਕ ਦਿਤੀ । ਈ.ਡੀ. ਦੀ ਟੀਮ ਨੇ ਸ਼ਹਿਰ ਦੇ ਮਸ਼ਹੂਰ ਕਾਲੋਨਾਈਜ਼ਰ ਅਤੇ ਕਾਰੋਬਾਰੀ ਵਿਕਾਸ ਪਾਸੀ ਦੇ ਸਾਰੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਈ.ਡੀ. ਨੇ ਸ਼ਹਿਰ ਦੀਆਂ ਸਾਰੀਆਂ ਥਾਵਾਂ 'ਤੇ ਛਾਪੇਮਾਰੀ ਕਰ ਕੇ ਅੰਦਰ ਬੈਠੇ ਲੋਕਾਂ ਤੋਂ ਪੁਛ-ਪੜਤਾਲ ਸ਼ੁਰੂ ਕਰ ਦਿਤੀ ਜਿਸ 'ਚ ਈ.ਡੀ. ਕਾਰੋਬਾਰੀ ਵਿਕਾਸ ਪਾਸੀ ਤੋਂ ਵੀ ਪੁਛ-ਪੜਤਾਲ ਕਰ ਰਹੀ ਹੈ।

ਵਿਕਾਸ ਪਾਸੀ ਦੀ ਐਪਲ ਹਾਈਟਸ ਨਾਮ ਦੀ ਅਪਣੀ ਕੰਪਨੀ ਹੈ। ਵਿਕਾਸ ਪਾਸੀ ਸ਼ਹਿਰ ਦਾ ਇਕ ਮਸ਼ਹੂਰ ਕਲੋਨਾਈਜ਼ਰ ਅਤੇ ਜੌਕੀ ਰੀਅਲ ਅਸਟੇਟ 'ਚ ਇਕ ਜਾਣਿਆ-ਪਛਾਣਿਆ ਚਿਹਰਾ ਹੈ। ਵਿਕਾਸ ਪਾਸੀ ਦਾ ਲੁਧਿਆਣਾ ਦੇ ਫਿਰੋਜ਼ਪੁਰ ਰੋਡ 'ਤੇ ਵੀ ਦਫਤਰ ਹੈ। ਈ.ਡੀ. ਨੇ ਸਵੇਰੇ ਉਸ ਦੇ ਸਾਰੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਛਾਪੇਮਾਰੀ ਦੇ ਮੁੱਖ ਕਾਰਨਾਂ ਦਾ ਅਜੇ ਤਕ ਪ੍ਰਗਟਾਵਾ ਨਹੀਂ ਹੋਇਆ ਹੈ ਪਰ ਦਸਿਆ ਜਾ ਰਿਹਾ ਹੈ ਕਿ ਉਹ ਰੀਅਲ ਅਸਟੇਟ ਨਾਲ ਜੁੜੇ ਇਕ ਸੌਦੇ ਨੂੰ ਲੈ ਕੇ ਲੰਮੇ ਸਮੇਂ ਤੋਂ ਈ.ਡੀ. ਦੇ ਨਿਸ਼ਾਨੇ 'ਤੇ ਸੀ। ਈ.ਡੀ. ਨੇ ਸਵੇਰੇ 6 ਵਜੇ ਦੇ ਕਰੀਬ ਸਾਰੀਆਂ ਥਾਵਾਂ 'ਤੇ ਛਾਪੇਮਾਰੀ ਕੀਤੀ ਅਤੇ ਕਈ ਘੰਟੇ ਬੀਤ ਜਾਣ ਤੋਂ ਬਾਅਦ ਵੀ ਪੁਛ-ਪੜਤਾਲ ਜਾਰੀ ਹੈ।

ਤੇਜ਼ ਰਫ਼ਤਾਰ ਟਰੱਕ ਦੀ ਲਪੇਟ 'ਚ ਆਉਣ ਨਾਲ ਵਿਅਕਤੀ ਦੀ ਮੌਤ

ਨਾਭਾ, 4 ਅਕਤੂਬਰ (ਬਲਵੰਤ ਹਿਆਣਾ) : ਗੁਰਦਰਸ਼ਨ ਸਿੰਘ ਦੇ ਬੁੱਤ ਨਜ਼ਦੀਕ ਸਤਿਸੰਗ ਘਰ ਕੋਲ ਇਕ ਸੜਕ ਹਾਦਸੇ ਵਿਚ ਐਕਟੀਵਾ ਸਵਾਰ ਵਿਅਕਤੀ ਦੀ ਮੌਤ ਹੋ ਗਈ। ਇਸ ਸਬੰਧੀ ਏ ਐਸ ਆਈ ਵੈਦ ਪ੍ਰਕਾਸ਼ ਪੁਲਿਸ ਚੌਕੀ ਰੋਹਟੀਪੁਲ ਨੇ ਦਸਿਆ ਕਿ ਇਸ ਹਾਦਸੇ 'ਚ ਐਕਟੀਵਾ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਟਰੱਕ ਚਾਲਕ ਅਪਣਾ ਟਰੱਕ ਲੈ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਮਰਨ ਵਾਲੇ ਵਿਅਕਤੀ ਦਾ ਨਾਂ ਜਸਵੰਤ ਸਿੰਘ (57) ਪੁੱਤਰ ਮਥੁਰਾ ਦਾਸ ਵਾਸੀ ਨਿਊ ਪਟੇਲ ਨਗਰ ਨਾਭਾ ਹੈ। ਜੋ ਪਿੰਡ ਲੁਬਾਣਾ ਕਰਮੂ ਸਰਕਾਰੀ ਸਕੂਲ ਵਿਚ ਅਧਿਆਪਕ ਸੀ। ਟਰੱਕ ਚਾਲਕ ਵਿਰੁਧ ਮਾਮਲਾ ਦਰਜ ਕਰ ਕੇ ਤਫ਼ਤੀਸ਼ ਅਮਲ ਵਿਚ ਲਿਆਂਦੀ ਜਾ ਰਹੀ ਹੈ।

ਸੱਪ ਦੇ ਡੰਗਣ ਨਾਲ ਅੱਠ ਸਾਲਾ ਬੱਚੇ ਦੀ ਮੌਤ

ਹਰਿਆਣਾ, 4 ਅਕਤੂਬਰ (ਹਰਪਾਲ ਸਿੰਘ) : ਨੇਪਾਲ ਦੇ ਰਹਿਣ ਵਾਲੇ ਸ਼ਿਵਨਾਥ ਦੇ ਅੱਠ ਸਾਲਾ ਪੁੱਤਰ ਦੀ ਸੱਪ ਦੇ ਡੱਸਣ ਕਾਰਨ ਮੌਤ ਹੋ ਗਈ। ਜਾਣਕਾਰੀ ਦਿੰਦੇ ਹੋਏ ਸ਼ਿਵਨਾਥ ਨੇ ਦਸਿਆ ਕਿ ਰਾਤ ਕਰੀਬ 9:45 ਵਜੇ ਮੇਰੇ ਅੱਠ ਸਾਲ ਦੇ ਬੇਟੇ ਆਰ.ਕੇ. ਨੇ ਦਸਿਆ ਕਿ ਉਸਦੀ ਸੱਜੀ ਲੱਤ ਵਿਚ ਦਰਦ ਹੋ ਰਹੀ ਹੈ। ਗੱਲਾਂ ਸੁਣ ਕੇ ਮਾਂ-ਬਾਪ ਨੇ ਉਸ ਦੀ ਲੱਤ 'ਤੇ ਤੇਲ ਦੀ ਮਾਲਿਸ਼ ਕੀਤੀ। ਕੁਝ ਦੇਰ ਬਾਅਦ ਉਸ ਦੇ ਮੂੰਹ ਵਿਚੋਂ ਝੱਗ ਨਿਕਲਣ ਲੱਗੀ। ਇਸ ਦੌਰਾਨ ਸ਼ਿਵ ਨਾਥ ਨੇ ਇੱਟਾਂ ਦੇ ਵਿਚਕਾਰ ਇਕ ਸੱਪ ਨੂੰ ਬੈਠਾ ਦੇਖਿਆ ਪਰ ਉਸ ਨੂੰ ਪਤਾ ਨਹੀਂ ਲੱਗਾ ਕਿ ਇਸ ਸੱਪ ਨੇ ਉਸ ਦੇ ਪੁੱਤਰ ਨੂੰ ਡੰਗ ਲਿਆ ਹੈ। ਜਦੋਂ ਰਾਤ 2 ਵਜੇ ਤਕ ਬੱਚਾ ਨਾ ਜਾਗਿਆ ਅਤੇ ਨਾ ਹਿਲਿਆ ਤਾਂ ਉਹ ਬੱਚੇ ਨੂੰ ਹਰਿਆਣਾ ਦੇ ਇਕ ਨਿਜੀ ਹਸਪਤਾਲ ਲੈ ਕੇ ਆਏ, ਜਦੋਂ ਡਾਕਟਰ ਸੁਰਿੰਦਰ ਸਿੰਘ ਨੇ ਚੈੱਕ ਕੀਤਾ ਤਾਂ ਉਨ੍ਹਾਂ ਦਸਿਆ ਕਿ ਬੱਚੇ ਦੀ ਕਰੀਬ ਦੋ ਘੰਟੇ ਪਹਿਲਾਂ ਮੌਤ ਹੋ ਚੁਕੀ ਸੀ।

ਦੋ ਧਿਰਾਂ ਦੀ ਆਪਸੀ ਰੰਜਿਸ਼ ਕਾਰਨ ਸੜਕ 'ਤੇ ਖੜੀਆਂ ਗੱਡੀਆਂ ਦਾ ਹੋਇਆ ਵੱਡਾ ਨੁਕਸਾਨ

ਗੁਰੂ ਹਰਸਹਾਏ, 4 ਅਕਤੂਬਰ (ਗੁਰਮੇਲ ਵਾਰਵਲ) : ਹਲਕਾ ਗੁਰੂ ਹਰਸਹਾਏ ਦੇ ਅਧੀਨ ਆਉਂਦੇ ਇਕ ਪਿੰਡ ਦੀਆ ਦੋ ਧਿਰਾਂ ਵਿਚਕਾਰ ਨਾਮਜ਼ਦਗੀਆਂ ਨੂੰ ਲੈ ਕੇ ਲੜਾਈ ਝਗੜਾ ਹੋ ਗਿਆ ਅਤੇ ਦੇਖਦੇ ਹੀ ਦੇਖਦੇ ਇਹ ਝਗੜਾ ਐਨਾ ਵੱਧ ਗਿਆ ਕਿ ਹੋ ਗਿਆ ਕਿ ਖੂਨੀ ਜੰਗ ਦਾ ਅਖਾੜਾ ਬਣ ਗਿਆ ਅਤੇ ਸਰਾਰਤੀ ਅਨਸਰਾਂ ਵੱਲੋਂ ਇਕ ਦੂਜੇ ਉਪਰ ਪੱਥਰਬਾਜੀ ਕਰਨੀ ਸੁਰੂ ਕਰ ਦਿੱਤੀ ਜਿਸ ਨਾਲ ਬਾਹਰ ਸੜਕ ਕਿਨਾਰੇ ਖੜੀਆਂ ਕਾਰਾਂ, ਗੱਡੀਆਂ ਦੇ ਸੀਸੇ ਤੱਕ ਟੁੱਟ ਗਏ ਅਤੇ ਆਸ ਪਾਸ ਖੜੇ ਲੋਕਾਂ ਨੇ ਆਪਣੀ ਜਾਨ ਭੱਜਕੇ ਬਚਾਈ। ਉਧਰ ਮੌਕੇ ਤੇ ਮੌਜੂਦ ਵ੍ਹੀਕਲਾ ਦੇ ਮਾਲਕਾ ਨੇ ਦਸਿਆ ਕਿ ਪੁਲਸ ਪ੍ਰਸ਼ਾਸਨ ਦੀ ਵੱਡੀ ਕਮੀਂ ਹੋਣ ਕਰਕੇ ਅਜਿਹਾ ਹੋਇਆ ਹੈ ਉਹਨਾਂ ਕਿਹਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਵੱਡੀ ਗਿਣਤੀ ਵਿਚ ਮੌਜੂਦ ਹੁੰਦਾ ਤਾਂ ਇਸ ਤਰਾਂ ਦੀ ਘਟਨਾ ਨੂੰ ਰੋਕਿਆ ਜਾ ਸਕਦਾ ਸੀ। ਨਾਲ ਹੀ ਉਹਨਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਹਨਾ ਦੋਹਾਂ ਧਿਰਾ ਤੋਂ ਸਾਡੇ ਹੋਏ ਨੁਕਸਾਨ ਦੀ ਭਰਪਾਈ ਕਰਵਾਈ ਜਾਵੇ।

ਨਗਰ ਕੀਰਤਨ 'ਚ ਵੱਡਾ ਹਾਦਸਾ, ਪਾਲਕੀ ਸਾਹਿਬ ਨੂੰ ਕਰੰਟ ਲੱਗਣ ਨਾਲ ਦੋ ਦੀ ਮੌਤ ਕਈ ਜ਼ਖ਼ਮੀ

ਕੋਟ ਈਸੇ ਖਾਂ, 4 ਅਕਤੂਬਰ (ਲਵਪ੍ਰੀਤ ਸਿੰਘ) : ਇੱਥੋਂ ਦੇ ਨੇੜਲੇ ਪਿੰਡ ਕੋਟ ਸਦਰ ਖਾਂ ਵਿਚ ਉਸ ਸਮੇ ਭਗਦੜ ਮਿਚ ਗਈ ਜਦੋਂ ਨਗਰ ਕੀਰਤਨ ਦੌਰਾਨ ਪਾਲਕੀ ਸਹਿਬ ਦੇ ਨੀਲੀਆਂ ਬਿਜਲੀ ਦੀਆਂ ਤਾਰਾਂ ਨਾਲ ਲੱਗਣ ਕਾਰਨ ਇਕ ਔਰਤ ਅਤੇ ਇਕ ਆਦਮੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੋ ਹੋਰ ਸਮੇਤ ਕਰੀਬ ਇਕ ਦਰਜਨ ਔਰਤਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਜ਼ਖ਼ਮੀਆਂ ਨੂੰ ਕੋਟ ਈਸੇ ਖਾਂ ਨਿਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਐਸ ਐਚ ਓ ਕੋਟ ਈਸੇ ਖਾਂ ਮੈਡਮ ਗਰੇਵਾਲ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਇਸ ਹਾਦਸੇ ਤੋ ਬਾਅਦ ਤੁਰੰਤ ਬਾਅਦ ਬਚਾਅ ਕਾਰਜ ਆਰੰਭ ਕਰ ਦਿਤੇ ਗਏ ਸਨ। ਪਿੰਡ ਵਾਸੀਆਂ ਦੇ ਸਹਿਯੋਗ ਨਾਲ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ।

HDFC BANK — ਐਚਡੀਐਫਸੀ ਬੈਂਕ ਲਿਮਟਿਡ

ਬ੍ਰਾਂਚ ਪਤਾ : ਐਚਡੀਐਫਸੀ ਬੈਂਕ, ਪਹਿਲੀ ਮੰਜਿਲ, ਐਮ.ਸੀ. ਨੰ ਬੀ-35-922-ਕੇ, ਸੁੰਦਰ ਨਗਰ, ਨੇੜੇ ਐਮਬੀਡੀ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ 141012
ਫੋਨ : 0161- 5144444 ਸੀ.ਆਈ.ਐਨ. : L65920MH1994PLC080618, ਵੈਬਸਾਈਟ : www.hdfcbank.com

ਕਬਜ਼ਾ ਨੋਟਿਸ

ਜਦੋਂ ਕਿ ਐਚਡੀਐਫਸੀ ਬੈਂਕ ਲਿਮਟਿਡ (ਮਾਨਯੋਗ NCLT- ਮੁੰਬਈ ਦੁਆਰਾ ਮਿਤੀ 17 ਮਾਰਚ 2023 ਦੇ ਹੁਕਮਾਂ ਅਨੁਸਾਰ ਪ੍ਰਵਾਨਤ ਰਲੇਵੇਂ ਦੀ ਇਕ ਯੋਜਨਾ ਦੇ ਅਧਾਰ 'ਤੇ ਪੁਰਾਣੇ ਐਚਡੀਐਫਸੀ ਲਿਮਟਿਡ ਦਾ ਐਚਡੀਐਫਸੀ ਬੈਂਕ ਲਿਮਟਿਡ ਨਾਲ ਰਲੇਵਾਂ ਕੀਤਾ ਗਿਆ ਹੈ) (ਐਚਡੀਐਫ਼ਸੀ) ਦੇ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫ਼ਾਈਨਾਂਸ਼ੀਅਲ ਐਸੇਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਹੇਠ ਅਤੇ ਸਕਿਉਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਸ, 2002 ਨਾਲ ਪੜ੍ਹੇ ਜਾਣ ਵਾਲੇ ਦੱਸੇ ਗਏ ਐਕਟ ਦੇ ਰੂਲ 3 ਸੈਕਸ਼ਨ 13(12), ਉਪਰੋਕਤ ਐਕਟ ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਜਾਰੀ ਕਰਕੇ ਹੇਠਾਂ ਲਿਖੇ ਕਰਜ਼ਦਾਰ(ਾਂ)/ਕਾਨੂੰਨੀ ਵਾਰਸਾਂ/ਪ੍ਰਤੀਨਿਧੀਆਂ ਨੂੰ ਉਨ੍ਹਾਂ ਦੇ ਨਾਮ ਅੱਗੇ ਲਿਖੀ ਰਕਮ ਸਮੇਤ ਇਸ ਤੇ ਵਿਆਜ ਲਾਗੂ ਦਰ ਨਾਲ ਉਕਤ ਨੋਟਿਸ ਵਿਚ ਦਰਸਾਏ ਅਨੁਸਾਰ ਉਕਤ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਸਮੇਤ ਅਕਾਸਮਿਕ ਖਰਚੇ, ਲਾਗਤਾਂ ਚਾਰਜਿਜ਼ ਆਦਿ ਅਦਾਇਗੀ ਦੀ ਮਿਤੀ/ਜਾਂ ਪ੍ਰਾਪਤੀ ਦੀ ਮਿਤੀ ਤੱਕ ਨਾਲ ਅਦਾ ਕਰਨ ਲਈ ਕਿਹਾ ਗਿਆ ਸੀ।

ਲੜੀ ਨੰ.	ਕਰਜ਼ਦਾਰਾਂ /ਗਿਰਵੀਕਾਰਾਂ ਦਾ ਨਾਮ	ਕੁਲ ਬਕਾਇਆ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਸੁਰੱਖਿਅਤ ਅਸਾਸੇ/ਅਚੱਲ ਜਾਇਦਾਦ(ਾਂ) ਦਾ ਵੇਰਵਾ
1.	ਸ੍ਰੀਮਤੀ ਏਕਮਜੀਤ ਕੌਰ ਪਤਨੀ ਸ੍ਰੀ ਸੰਦੀਪ ਸਿੰਘ (ਕਰਜ਼ਦਾਰ) ਅਤੇ ਸ੍ਰੀ ਸੰਦੀਪ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ (ਸਹਿ ਕਰਜ਼ਦਾਰ) ਦੋਨੋਂ ਵਾਸੀ ਕਿਸ਼ਨਪੁਰਾ ਕਲਾਂ ਜੁਨਬੀ, ਧਰਮਕੋਟ ਰੋਡ, ਤਹਿਸੀਲ ਧਰਮਕੋਟ ਜ਼ਿਲ੍ਹਾ ਮੋਗਾ 142058	ਰੁ. 10,60,335/- 30 ਸਤੰਬਰ 2022* ਨੂੰ	11-Nov-2022	01-Oct-2024 (PHYSICAL)	ਪਲਾਟ ਦੀ ਜ਼ਮੀਨ ਅਤੇ ਇਸ 'ਤੇ ਉਸਾਰੀ ਦੋਨੋਂ ਮੌਜੂਦਾ ਅਤੇ ਭਵਿੱਖੀ, ਜਾਇਦਾਦ ਮਿਣਤੀ 7 ਮਰਲੇ 1 ਸਰਸਾਈ (88 ਫੁਟ x 22ਫੁਟ) ਜਾਂ 180 ਵ. ਮੀਟਰ) ਜਿਸਦਾ ਖਸਰਾ ਨੰ 121//10/1 (2-12) ਖੇਵਟ ਨੰ 220 ਖਤੌਨੀ ਨੰ 277 ਅਤੇ ਖਸਰਾ ਨੰ 121//2 (5-2) ਖੇਵਟ ਨੰ 1502 ਖਤੌਨੀ ਨੰ 1937 ਜਮਾਂਬੰਦੀ ਸਾਲ 2014-15 ਅਨੁਸਾਰ ਸਥਿਤ ਕਿਸ਼ਨਪੁਰਾ ਕਲਾਂ ਜੁਨਬੀ, ਧਰਮਕੋਟ ਰੋਡ ਤਹਿਸੀਲ ਧਰਮਕੋਟ ਜ਼ਿਲ੍ਹਾ ਮੋਗਾ, ਸ੍ਰੀਮਤੀ ਏਕਮਜੀਤ ਕੌਰ ਪਤਨੀ ਸ੍ਰੀ ਸੰਦੀਪ ਸਿੰਘ ਦੇ ਪੱਖ ਵਿਚ , ਸੇਲ ਡੀਡ ਜਿਸਦਾ ਵਸੀਕਾ ਨੰ 2020-21/136/1/231 ਮਿਤੀ 15-06-2020 ਹੈ। ਹੱਦਾਂ : ਪੂਰਬ : ਜਗਜੀਤ ਸਿੰਘ, ਪੱਛਮ : ਗਲੀ;, ਉਤਰ : ਜਸਵੰਤ ਸਿੰਘ , ਦੱਖਣ : ਚਰਨਜੀਤ ਸਿੰਘ

* ਸਮੇਤ ਹੋਰ ਵਿਆਜ਼ ਜਿਵੇਂ ਲਾਗੂ ਹੋਵੇ, ਕੀਤੇ ਆਕਸਮਿਕ ਖ਼ਰਚੇ, ਲਾਗਤਾਂ, ਚਾਰਜ ਆਦਿ ਸਮੇਤ ਅਦਾਇਗੀ ਅਤੇ/ਜਾਂ ਪ੍ਰਾਪਤੀ ਦੀ ਮਿਤੀ ਤੱਕ।

ਹਾਲਾਂਕਿ, ਕਿਉਂਕਿ ਇੱਥੇ ਦੱਸੇ ਕਰਜ਼ਦਾਰ(ਾਂ) ਬਕਾਇਆ ਅਦਾ ਕਰਨ ਵਿਚ ਨਾਕਾਮ ਰਹੇ ਹਨ ਇੱਥੇ ਦੱਸੇ ਕਰਜ਼ਦਾਰ(ਾਂ) ਨੂੰ ਵਿਸ਼ੇਸ਼ੇ ਤੌਰ 'ਤੇ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਨੋਟਿਸ ਦਿਤਾ ਜਾਂਦਾ ਹੈ ਕਿ ਐਚਡੀਐਫਸੀ ਦੇ ਅਧਿਕਾਰਤ ਅਫ਼ਸਰ ਨੇ ਇੱਥੇ ਦੱਸੀ ਅਚੱਲ ਜਾਇਦਾਦ/ਸੁਰੱਖਿਅਤ ਅਸਾਸੇ ਦਾ ਭੌਤਿਕ ਕਬਜ਼ਾ ਦੱਸੇ ਗਏ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਦੱਸੇ ਗਏ ਐਕਟ ਦੇ ਸੈਕਸ਼ਨ 13(4) ਅਧੀਨ ਉੱਪਰ ਲਿਖੀ ਮਿਤੀ ਨੂੰ ਪ੍ਰਾਪਤ ਕਰ ਲਿਆ ਹੈ।

ਦੱਸੇ ਗਏ ਕਰਜ਼ਦਾਰ(ਾਂ) ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੌਕਸ ਕੀਤਾ ਜਾਂਦਾ ਹੈ ਕਿ ਉਹ ਉੱਪਰ ਲਿਖੀਆਂ ਅਚੱਲ ਜਾਇਦਾਦ(ਾਂ)ਸਕਿਉਰਡ ਅਸਾਸੇ(ਸਿਆਂ) ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਉੱਪਰ ਲਿਖੀਆਂ ਅਚੱਲ ਜਾਇਦਾਦ(ਾਂ)/ਸਕਿਉਰਡ ਅਸਾਸੇ(ਸਿਆਂ) ਨਾਲ ਕੋਈ ਲੈਣ-ਦੇਣ ਕਰਨ ਵਾਲਾ ਐਚਡੀਐਫਸੀ ਬੈਂਕ ਲਿਮਟਿਡ ਦੀ ਗਿਰਵੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਪੰਚਨਾਮੇ ਦੀਆਂ ਕਾਪੀਆਂ ਨਿਮਨ ਹਸਤਾਖਰੀ ਕੋਲ ਉਪਲਬਧ ਹੈ ਅਤੇ ਉਕਤ ਕਰਜ਼ਦਾਰ(ਾਂ) (ਾਂ) ਨੂੰ ਬੇਨਤੀ ਹੈ ਕਿ ਉਹ ਸਬੰਧਤ ਕਾਪੀ ਨਿਮਨ ਹਸਤਾਖਰੀ ਤੋਂ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਪ੍ਰਾਪਤ ਕਰ ਸਕਦੇ ਹਨ।

ਐਚਡੀਐਫਸੀ ਬੈਂਕ ਲਿਮਟਿਡ ਲਈ
ਸਥਾਨ : ਲੁਧਿਆਣਾ — ਸਹੀ/-
ਮਿਤੀ : 05.10.2024 — ਅਧਿਕਾਰਤ ਅਫ਼ਸਰ

ਰਜਿ. ਦਫ਼ਤਰ : ਐਚਡੀਐਫਸੀ ਬੈਂਕ ਹਾਊਸ, ਸੇਨਾਪਤੀ ਬਪਤ ਮਾਰਗ, ਲੋਅਰ ਪਾਰੇਲ, (ਪੱਛਮੀ) ਮੁੰਬਈ 400 013

pnb Housing Finance Limited — Ghar Ki Baat

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰੇਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈੱਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫ਼ਤਰ: ਨੌਵੀਂ ਮੰਜ਼ਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਬਰਾਂਚ ਦਫ਼ਤਰ :ਐਸਸੀਓ 323-324, ਪਹਿਲੀ ਮੰਜ਼ਿਲ ਸੈਕਟਰ 35 ਬੀ, ਚੰਡੀਗੜ੍ਹ - 160035, ਐਸਸੀਓ-44, ਪਹਿਲੀ ਮੰਜ਼ਿਲ, ਪੁੱਡਾ ਕੰਪਲੈਕਸ, ਜਲੰਧਰ-144001

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ਼: ਪੀਐਨਬੀ ਹਾਊਸਿੰਗ ਫ਼ਾਇਨੈਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮ੍ਰਿਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੱਧੇ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨੈਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/CHD/0816/312624, ਰਜਿੰਦਰ ਸਿੰਘ/ਸ੍ਰੀਮਤੀ ਰਣਜੀਤ ਕੌਰ ਪਤਨੀ, ਸ੍ਰੀ ਰਜਿੰਦਰ ਸਿੰਘ ਬਰਾਂਚ ਦਫ਼ਤਰ : ਚੰਡੀਗੜ੍ਹ,	ਰੁ. 15,73,474.38 ਮਿਤੀ 16.11.2019 ਨੂੰ	ਭੌਤਿਕ	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ/ਜਾਇਦਾਦਾਂ : ਫ਼ਲੈਟ ਨੰ. 59, ਗਰਾਊਂਡ ਫ਼ਲੋਰ, ਬਲਾਕ ਏਬੀ, ਸ਼ਿਵਜੋਤ ਅਪਾਰਟਮੈਂਟਸ ਖਰੜ, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ, ਪੰਜਾਬ, ਪਿਨ ਕੋਡ 140301, (ਮਿਣਤੀ ਤੇਦਾਦੀ 0 ਕਨਾਲ 2/3 ਮਰਲਾ, (ਰਕਬਾ 20 ਵ. ਗਜ਼ ਕਵਰਡ ਰਕਬਾ 650 ਵ. ਫੁਟ, ਸ਼ਿਵਜੋਤ ਅਪਾਰਟਮੈਂਟ-ਖਰੜ) ਖੇਵਟ ਨੰ 44, ਖਤੌਨੀ ਨੰ. 45, ਖਸਰਾ ਨੰ 22//2/1/1(2-18) ਵਿਚੋਂ ਜਿਹੜਾ ਕਿ 20/1740ਵਾਂ ਹਿੱਸਾ ਬ੍ਰਕੁਦਰ 0 ਕਨਾਲ 2/3 ਮਰਲੇ ਵਾਕਿਆ ਅੰਜਲਾ, ਹਦਬਸਤ ਨੰ. 182, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ, ਪੰਜਾਬ (ਸੇਲ ਡੀਡ ਮਿਤੀ 22.09.2016 ਤਹਿਤ ਵਸੀਕਾ ਨੰ. 5554 ਸ੍ਰੀਮਤੀ ਰਣਜੀਤ ਕੌਰ ਪਤਨੀ ਸ੍ਰੀ ਰਜਿੰਦਰ ਸਿੰਘ ਦੇ ਪੱਖ ਵਿਚ)	ਰੁ. 13,57,000/-	ਰੁ. 1,35,700/-	21.10.24	ਰੁ. 10,000/-	10.10.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	22.10.2024 ਨੂੰ ਬਾ.ਦੂ. 12.30 ਵਜੇ ਤੋਂ ਬਾ.ਦੂ. 2.30 ਵਜੇ ਦੇ ਵਿਚਕਾਰ	*ਨਿੱਲ/ਪਤਾ ਨਹੀਂ
HOU/CHD/0119/637290 ਸੰਜੀਵ ਕੁਮਾਰ/ਸ੍ਰੀਮਤੀ ਰਾਧਾ ਦੇਵੀ ਪਤਨੀ ਸ੍ਰੀ ਸੰਜੀਵ ਕੁਮਾਰ ਬਰਾਂਚ ਦਫ਼ਤਰ : ਚੰਡੀਗੜ੍ਹ	ਰੁ. 21,44,316.66 ਮਿਤੀ 05.07.2021 ਨੂੰ	ਭੌਤਿਕ	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਫਲੈਟ ਨੰ 102-ਏ, ਪਹਿਲੀ ਮੰਜ਼ਿਲ (ਕਵਰਡ ਰਕਬਾ 401 ਵ. ਫੁੱਟ) ਪਿੰਡ ਸਿੰਘਪੁਰਾ ਨਗਲਾਂ ਰੋਡ, ਜ਼ੀਰਕਪੁਰ, ਐਮ.ਸੀ ਅਤੇ ਸਬ ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਮੋਹਾਲੀ, ਪੰਜਾਬ-140603 ਵਿਖੇ ਜੋ ਸ਼ਾਮਲ ਹੈ ਵਿਚ ਖਸਰਾ ਨੰ. 1056/901/799/44(0-10) ਕਿੱਤਾ 1, ਖੇਵਟ ਖਤੌਨੀ ਨੰ. 223/280 ਵਿਚੋਂ ਜਿਹੜਾ ਕਿ ਫਲੈਟ ਹਿੱਸਾ 0 ਬਿਘਾ 0 ਬਿਸਵਾ 8 1/3 ਬਿਸਵਾਸੀ (20.83 ਵ.ਗਜ਼) ਹੱਦਬਸਤ ਨੰ. 43, ਸੇਲ ਡੀਡ ਮਿਤੀ 03 ਅਪ੍ਰੈਲ, 2019 ਤਹਿਤ ਜਿਸਦਾ ਦਸਤਾਵੇਜ਼ ਨੰ. 2019-20/13/1/111	ਰੁ. 16,47,000/-	ਰੁ. 1,64,700/-	21.10.24	ਰੁ. 10,000/-	10.10.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	22.10.2024 ਨੂੰ ਬਾ.ਦੂ. 12.30 ਵਜੇ ਤੋਂ ਬਾ.ਦੂ. 2.30 ਵਜੇ ਦੇ ਵਿਚਕਾਰ	*ਨਿੱਲ/ਪਤਾ ਨਹੀਂ
HOU/CHD/0616/295776 ਸੁਨੀਲ ਕੁਮਾਰ/ਸ੍ਰੀਮਤੀ ਮੀਨਾਕਸ਼ੀ ਪਤਨੀ ਸੁਨੀਲ ਕੁਮਾਰ ਬਰਾਂਚ ਦਫ਼ਤਰ : ਜਲੰਧਰ	ਰੁ. 15,26,369.19 ਮਿਤੀ 16.07.2021 ਨੂੰ	ਭੌਤਿਕ	ਜਾਇਦਾਦ ਨੰ. 42 ਮਿਣਤੀ 3 ਮਰਲੇ 15 ਵਰਗ ਫੁੱਟ (2 ਮਰਲੇ 131 ਵ. ਫੁੱਟ ਅਤੇ 156 ਵ. ਫੁੱਟ) ਪਰਸੂ ਰਾਮ ਨਗਰ, ਜਲੰਧਰ, ਪਿੰਡ ਰੇਰੂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ, ਇੰਡੀਆ, 144001, ਹੱਦਾਂ ਪੂਰਬ ਵੱਲ: ਰੋਡ, ਪੱਛਮ: ਨੰ. 49, ਉਤਰ: ਨੰ. 23, ਦੱਖਣ: ਹੋਰ ਸਮੇਤ ਖਸਰਾ ਨੰ. - 1//13, 1//16ਮਿਨ, 1//16ਮਿਨ, 1//6ਮਿਨ, 1//7 ਅਤੇ ਹੋਰ	ਰੁ. 14,13,000/-	ਰੁ. 1,41,300/-	21.10.24	ਰੁ. 10,000/-	10.10.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	22.10.2024 ਨੂੰ ਬਾ.ਦੂ. 12.30 ਵਜੇ ਤੋਂ ਬਾ.ਦੂ. 2.30 ਵਜੇ ਦੇ ਵਿਚਕਾਰ	*ਨਿੱਲ/ਪਤਾ ਨਹੀਂ
HOU/JAL/0219/654335 ਕਮਲਜੀਤ ਸਿੰਘ/ ਸ੍ਰੀਮਤੀ ਦਲਬੀਰ ਕੌਰ ਬਰਾਂਚ ਦਫ਼ਤਰ : ਜਲੰਧਰ	ਰੁ. 18,35,461.42 ਮਿਤੀ 21.04.2023 ਨੂੰ	ਭੌਤਿਕ	ਮਕਾਨ ਨੰ. 81-ਡੀ, ਰਕਬਾ 01 ਮਰਲਾ 193 ਵ. ਫੁੱਟ, ਦਸ਼ਮੇਸ਼ ਨਗਰ, ਬਸਤੀ ਸ਼ੇਖਾਂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਮਿਣਤੀ 20'x20' ਭਾਵ 400 ਵ. ਫੁੱਟ, ਮਰਲਾ 207 ਵ. ਫੁੱਟ ਸ਼ਾਮਲ ਹੈ ਹਦਬਸਤ ਨੰ. 308, ਖਾਤਾ ਨੰ. 261/275-276, 262/277, ਖਸਰਾ ਨੰ. 568 ਮਿਨ, 217/569, 2172/569, 2173/569, 2174/569, 2175/569, 2176/569/2, 2177/569/2, 2178/569/2, 2180/569/1, 2181/569/2, 2766/572 ਮਿਨ, 2767/573 ਮਿਨ, 2768/573, 3110/573, 568 ਮਿਨ, 2759/566, 2760/566/1, 2761/567, 2762/567, 2765/572, 2766/572ਮਿਨ, 2767/573ਮਿਨ, 2768/573ਮਿਨ, 3109/567, 2764/572, 575, ਜਮਾਬੰਦੀ ਸਾਲ 2015-16 ਅਨੁਸਾਰ ਟਾਈਟਲ ਡੀਡ ਦਸਤਾਵੇਜ਼ ਨੰ. 2018-19/187/6325 ਮਿਤੀ 28 ਮਾਰਚ 2019, ਹੱਦਾਂ: ਪੂਰਬ ਮਕਾਨ ਨੰ. 81-ਈ, ਪੱਛਮ: ਰੋਡ, ਉਤੱਰ: ਮਕਾਨ ਨੰ. 81-ਸੀ, ਦੱਖਣ: ਹੋਰ	ਰੁ. 15,39,000/-	ਰੁ. 1,53,900/-	21.10.24	ਰੁ. 10,000/-	10.10.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	22.10.2024 ਨੂੰ ਬਾ.ਦੂ. 12.30 ਵਜੇ ਤੋਂ ਬਾ.ਦੂ. 2.30 ਵਜੇ ਦੇ ਵਿਚਕਾਰ	*ਨਿੱਲ/ਪਤਾ ਨਹੀਂ
HOU/JAL/0818/565192 ਸ੍ਰੀ ਰਾਜ ਕੁਮਾਰ/ਸ੍ਰੀਮਤੀ ਕਿਰਨ ਪਤਨੀ ਰਾਜ ਕੁਮਾਰ ਬਰਾਂਚ ਦਫ਼ਤਰ : ਜਲੰਧਰ	ਰੁ. 16,51,732.16 ਮਿਤੀ 22.05.2023 ਨੂੰ	ਭੌਤਿਕ	ਮਕਾਨ ਸਥਿਤ ਲਸੂੜੀ ਮੌਹਲਾ, ਬਸਤੀ ਦਾਨਿਸ਼ਮੰਦਾ, ਮਿਣਤੀ ਹਿੱਸਾ ਮਕਾਨ 02 ਮਰਲੇ 105.5 ਵ. ਫੁਟ ਭਾਵ 519.5 ਵ. ਫੁਟ (ਮਰਲਾ 207 ਵ. ਫੁਟ) ਮਕਾਨ 05 ਮਰਲੇ 4 ਵ. ਫੁਟ ਦਾ ਹਿੱਸਾ, ਜਮਾਬੰਦੀ ਸਾਲ 2012-13 ਖਾਤਾ ਨੰ 550/596, 551/597, ਖਸਰਾ ਨੰ 1154, 1984/1153/2, 1840/1155, 1984/1153/1, 1838/1155 ਦਸਤਾਵੇਜ਼ ਨੰ 2018-19/187/1/1203 ਮਿਤੀ 20-9-2018, ਹੱਦਾਂ : ਪੂਰਬ : ਚਾਂਦ ਰਾਣੀ ਦੇ ਮਕਾਨ ਦਾ ਬਾਕੀ ਹਿੱਸਾ, ਪੱਛਮ : ਸ੍ਰੀਮਤੀ ਸੰਤੋਸ਼ ਦਾ ਮਕਾਨ, ਉਤਰ : ਹੋਰ, ਦੱਖਣ: ਗਲੀ	ਰੁ. 11,71,000/-	ਰੁ. 1,17,100/-	21.10.24	ਰੁ. 10,000/-	10.10.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਦੇ ਵਿਚਕਾਰ	22.10.2024 ਨੂੰ ਬਾ.ਦੂ. 12.30 ਵਜੇ ਤੋਂ ਬਾ.ਦੂ. 2.30 ਵਜੇ ਦੇ ਵਿਚਕਾਰ	*ਨਿੱਲ/ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨੈਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ। 1. ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ, 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮ੍ਹਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ, 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੌਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾਂ ਰਕਮ, ਜੇਕਰ ਜਮ੍ਹਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮ੍ਹਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿੱਛੋਂ ਸਕਿਉਰਡ ਕ੍ਰੈਡੀਟਰ ਵਲੋਂ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ, 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਸ੍ਰੀ ਤਰਸੇਮ ਕੁਮਾਰ, ਸ੍ਰੀ ਅਸ਼ੀਸ਼ ਕੁਮਾਰ ਸ਼ਰਮਾ, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਟੋਲ ਫ੍ਰੀ : 1800 120 8800, ਈਮੇਲ auction@pnbhousing.com 'ਤੇ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਚੰਡੀਗੜ੍ਹ, ਜਲੰਧਰ, ਮਿਤੀ : 04.10.2024 — ਸਹੀ/- ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ

RBL BANK Ltd. — ਆਰਬੀਐਲ ਬੈਂਕ ਲਿਮਟਿਡ

ਰਜਿਸਟਰਡ ਦਫ਼ਤਰ : ਫਰਸਟ ਲੇਨ, ਸ਼ਾਹਪੁਰੀ, ਕੋਲਾਹਪੁਰ-416001
ਰੀਜਨਲ ਦਫ਼ਤਰ : ਪਹਿਲੀ ਮੰਜ਼ਿਲ, ਬਿਲਡਿੰਗ ਨੰ. 1, ਓਖਲਾ ਇੰਡਸਟਰੀਅਲ ਅਸਟੇਟ, ਫੇਸ-3, ਨਵੀਂ ਦਿੱਲੀ-110020

ਈ ਨਿਲਾਮੀ ਵਿਕਰੀ ਸੂਚਨਾ (ਸਰਫਾਇਸੀ ਐਕਟ, 2002 ਅਧੀਨ)

ਸਕਿਉਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ('ਰੂਲਜ਼') ਦੇ ਰੂਲ 8(6) ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੇਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਉਰਟੀ ਇੰਟਰਸਟ ਐਕਟ 2002 ('ਸਰਫਾਇਸੀ ਐਕਟ') ਅਧੀਨ ਬੈਂਕ ਕੋਲ ਗਿਰਵੀ ਅਚੱਲ ਐਸਟਸ ਦੀ ਵਿਕਰੀ ਲਈ ਈ ਨਿਲਾਮੀ ਵਿਕਰੀ ਸੂਚਨਾ

ਆਮ ਜਨਤਾ ਅਤੇ ਕਰਜ਼ਦਾਰ, ਗਰੰਟਰ (ਾਂ) ਅਤੇ ਗਿਰਵੀਕਾਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਰਬੀਐਲ ਲਿਮ. ਕੋਲ (ਸਕਿਓਰਡ ਕ੍ਰੈਡੀਟਰ/ਬੈਂਕ) ਗਿਰਵੀ/ਚਾਰਜ਼ਿਡ (ਜਿਸ ਨੂੰ ਸਾਂਝੇ ਤੌਰ 'ਤੇ 'ਜਾਇਦਾਦ' ਕਿਹਾ ਗਿਆ) ਹੇਠ ਦਰਸਾਈਆਂ ਅਚੱਲ ਜਾਇਦਾਦਾਂ ਦਾ ਕਬਜ਼ਾ ਬੈਂਕ ਦੇ ਅਧਿਕਾਰਤ ਅਫ਼ਸਰ ਵਲੋਂ ਰੂਲਜ਼ ਨਾਲ ਪੜ੍ਹੇ ਜਾਂਦੇ ਸਰਫਾਇਸੀ ਐਕਟ ਦੇ ਸੈਕਸ਼ਨ 14 ਅਤੇ ਸੈਕਸ਼ਨ 13(4) ਅਧੀਨ ਲਿਆ ਜਾ ਚੁੱਕਾ ਹੈ ਹੇਠ ਵਿਸਥਾਰਤ ਅਨੁਸਾਰ, 'ਜਿਵੇਂ ਹੈ' ਅਤੇ 'ਜੋ ਵੀ ਹੈ', 'ਜੋ ਵੀ ਉੱਥੇ ਹੈ' ਅਤੇ 'ਬਿਨਾਂ ਕਿਸੇ ਵਸੀਲੇ' ਤੋਂ ਬੈਂਕ ਬਕਾਇਆ ਸਮੇਤ ਵਿਆਜ ਹੇਠ ਦਰਸਾਏ ਅਨੁਸਾਰ ਵਸੂਲਣ ਲਈ ਰੂਲਜ਼ ਦੇ ਰੂਲ 8 ਅਤੇ 9 ਅਧੀਨ ਹੇਠ ਦਿੱਤੇ ਸ਼ਡਿਊਲ ਅਨੁਸਾਰ ਬੋਲੀਆਂ ਮੰਗੀਆਂ ਜਾਂਦੀਆਂ ਹਨ।

ਪਾਰਟੀਆਂ, ਬਕਾਇਆ ਰਕਮ ਅਤੇ ਜਾਇਦਾਦ ਦੇ ਵੇਰਵੇ

ਕਰਜਦਾਰ ਅਤੇ ਗਰੰਟਰ (ਾਂ) ਦਾ ਨਾਂ	ਗਿਰਵੀ ਜਾਇਦਾਦ (ਾਂ) ਦੇ ਵੇਰਵੇ ਅਤੇ ਗਿਰਵੀਕਾਰ	ਡਿਮਾਂਡ ਨੋਟਿਸ ਅਨੁਸਾਰ ਰਕਮ / ਸਰਫਾਇਸੀ ਐਕਟ ਅਧੀਨ ਡਿਮਾਂਡ ਨੋਟਿਸ ਅਤੇ ਕਬਜ਼ਾ ਨੋਟਿਸ ਦੀ ਮਿਤੀ	ਰਾਖਵੀਂ ਕੀਮਤ / ਈਐਮਡੀ / ਬੋਲੀ ਵਾਧਾ ਰਕਮ	ਈ-ਨਿਲਾਮੀ ਦੀ ਮਿਤੀ/ ਸਮਾਂ	ਈਐਮਡੀ ਅਤੇ ਦਸਤਾਵੇਜ਼ਾਂ ਸਮੇਤ ਬੋਲੀਆਂ ਪ੍ਰਾਪਤ ਕਰਨ ਲਈ ਆਖਰੀ ਮਿਤੀ
ਅਨੂਪ ਕੁਮਾਰ ਪਾਂਡੇ, ਮਕਾਨ ਨੰ Bx 1296, ਲੰਬਾ ਪਿੰਡ, ਜਲੰਧਰ-1, ਚੌਗਿੱਟੀ, ਜਲੰਧਰ, ਪੰਜਾਬ 144009 ਅੰਸ਼ੂ ਦੇਵੀ, ਮਕਾਨ ਨੰ Bx 1296, ਲੰਬਾ ਪਿੰਡ, ਜਲੰਧਰ-1, ਚੌਗਿੱਟੀ, ਜਲੰਧਰ, ਪੰਜਾਬ 144009 ਇੱਥੇ ਵੀ : ਮਕਾਨ ਨੰ 1307, ਨੇੜੇ ਬਾਵਾ ਜੀ ਮੰਦਿਰ, ਲੰਬਾ ਪਿੰਡ ਜਲੰਧਰ-1, ਜਲੰਧਰ, ਪੰਜਾਬ 144009	ਮਿਣਤੀ 4 ਮਰਲੇ, ਖਸਰਾ ਨੰ 1246, 1247, 1249 ਅਤੇ 1250 ਚੱਕ ਹੁਸੈਨਾਂ ਲੰਬਾ ਪਿੰਡ ਜਲੰਧਰ ਵਿਖੇ, ਤਹਿਸੀਲ ਤੇ ਜ਼ਿਲ੍ਹਾ ਜਲੰਧਰ।	ਰੁ: 20,40,478.82 (ਵੀਹ ਲੱਖ ਚਾਲੀ ਹਜ਼ਾਰ ਚਾਰ ਸੌ ਅਠੱਤਰ ਰੁਪਏ ਅਤੇ ਬਿਆਸੀ ਪੈਸੇ ਸਿਰਫ਼) 01-09-2023 ਨੂੰ ਡਿਮਾਂਡ ਨੋਟਿਸ ਦੀ ਮਿਤੀ 01.09.2023 ਭੌਤਿਕ ਕਬਜਾ ਨੋਟਿਸ ਦੀ ਮਿਤੀ : 01.08.2024	ਰਾਖਵੀਂ ਕੀਮਤ : ਰੁ. 15,05,592/- (ਪੰਦਰਾਂ ਲੱਖ ਪੰਜ ਹਜ਼ਾਰ ਪੰਜ ਸੌ ਬਾਨਵੇਂ ਰੁ. ਸਿਰਫ਼) ਈਐਮਡੀ ਕੀਮਤ : ਰੁ. 1,50,595/- (ਇਕ ਲੱਖ ਪੰਜਾਹ ਹਜ਼ਾਰ ਪੰਜ ਸੌ ਪਚਾਨਵੇਂ ਰੁ. ਸਿਰਫ਼) ਬੋਲੀ ਵਾਧਾ ਰਕਮ : ਰੁ: 50,000 (ਪੰਜਾਹ ਹਜ਼ਾਰ ਰੁਪਏ ਸਿਰਫ਼)	25.10.2024 ਨੂੰ ਸਵੇਰੇ 11.00 ਵਜੇ	24.10.2024 ਨੂੰ ਸ਼ਾਮ 5.00 ਵਜੇ ਤੱਕ ਜਾਂ ਪਹਿਲਾਂ
				ਅਧਿਕਾਰਤ ਅਫ਼ਸਰ ਦਾ ਨਾਮ/ਫੋਨ/ਈਮੇਲ: Authorised Officer: Mrs. Monica Gupta Contact: 9910570226 Email Id: monica.Gupta@rblbank.com Manik Kapoor Contact: 9999889121 email: manik.kapoor@rblbank.com	

ਨਿਯਮ ਅਤੇ ਸ਼ਰਤਾਂ: (1) ਈ-ਨਿਲਾਮੀ ਵਿਕਰੀ ਈ-ਨਿਲਾਮੀ ਪੋਰਟਲ ਰਾਹੀਂ ਆਨਲਾਈਨ ਹੋਵੇਗੀ। ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਆਪਣੀਆਂ ਬੋਲੀਆਂ ਜਮ੍ਹਾਂ ਕਰਾਉਣ ਅਤੇ ਈ-ਨਿਲਾਮੀ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵੈੱਬਸਾਈਟ https://www.bankeauctions.com & https://www.rblbank.com/pdf-pages/news 'ਤੇ ਉਪਲਬਧ ਨਿਲਾਮੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਨੂੰ ਦੇਖਣ ਦੀ ਸਲਾਹ ਦਿੱਤੀ ਜਾਂਦੀ ਹੈ। (2) ਇਹ ਬੋਲੀ ਦੇਣ ਵਾਲਿਆਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਬੋਲੀ ਜਮ੍ਹਾ ਕਰਨ ਤੋਂ ਪਹਿਲਾਂ ਸੰਪੱਤੀ ਅਤੇ ਨਿਰਧਾਰਨ ਬਾਰੇ ਆਪਣੇ ਆਪ ਨੂੰ ਨਿਰੀਖਣ ਕਰਨ ਅਤੇ ਸੰਤੁਸ਼ਟ ਕਰਨ। (3) ਦਿਲਚਸਪੀ ਰੱਖਣ ਵਾਲੇ ਬੋਲੀਕਾਰ ਆਪਣੇ ਵੇਰਵੇ ਅਤੇ ਦਸਤਾਵੇਜ਼ ਵੈੱਬ ਪੋਰਟਲ: https://www.bankeauctions.com ਰਾਹੀਂ ਜਮ੍ਹਾਂ ਕਰਨਗੇ (ਯੂਜ਼ਰ ਆਈਡੀ ਅਤੇ ਪਾਸਵਰਡ https://www.bankeauctions.com 'ਤੇ ਨਾਮ ਰਜਿਸਟਰ ਕਰਕੇ ਮੁਫ਼ਤ ਲਾਗਇਨ ਆਈਡੀ ਅਤੇ ਪਾਸਵਰਡ ਪ੍ਰਾਪਤ ਕੀਤਾ ਜਾ ਸਕਦਾ ਹੈ) ਇਹ ਰਕਮ ਆਈਡੀ ਆਰਬੀਐਲ ਬੈਂਕ ਲਿਮਟਿਡ ਦੇ ਨਿਮਨਲਿਖਤ ਖਾਤੇ ਵਿੱਚ ਐਨਈਐਫਟੀ/ਆਰਟੀਜੀਐਸ ਰਾਹੀਂ ਭੁਗਤਾਨਯੋਗ ਹੋਵੇਗੀ:-ਨਿਲਾਮੀ ਪ੍ਰਕਿਰਿਆ ਸੰਗ੍ਰਹਿ ਜੀਐਲ ਖਾਤਾ ਨੰਬਰ 2599001000139998 (ਆਈਡੀਐਫਸੀ ਕੋਡ RATN0000100) ਜਾਂ ਮਿਤੀ 24.10.2024 ਨੂੰ ਸ਼ਾਮ 05.00 ਵਜੇ ਜਾਂ ਇਸ ਤੋਂ ਪਹਿਲਾਂ ਡਿਮਾਂਡ ਡਰਾਫ਼ਟ ਰਾਹੀਂ ਜਮ੍ਹਾਂ ਕਰਾਉਣ। (4) ਦਿਲਚਸਪੀ ਰੱਖਣ ਵਾਲੇ ਬੋਲੀਕਾਰ ਮੈਸਰਜ਼ ਤੋਂ ਈ-ਨਿਲਾਮੀ 'ਤੇ ਸਹਾਇਤਾ/ਔਨਲਾਈਨ ਸਿਖਲਾਈ ਲੈ ਸਕਦੇ ਹਨ। ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਸੰਪਰਕ ਨੰਬਰ: 7291981124/25/26. ਸੰਪਰਕ ਵਿਅਕਤੀ ਸ੍ਰ. ਵਿਨੋਦ ਚੌਹਾਨ ਮੋਬਾਈਲ ਨੰ 9813887931, ਈਮੇਲ delhi@c1india.com ਜਾਂ ਅਤੇ ਜਾਇਦਾਦ ਸਬੰਧੀ ਕੋਈ ਪੁੱਛਗਿੱਛ ਹੈ ਤਾਂ ਉਹ ਸ੍ਰੀਮਤੀ ਮੋਨਿਕਾ ਗੁਪਤਾ, ਅਧਿਕਾਰਤ ਅਧਿਕਾਰੀ (ਮੋਬ ਨੰਬਰ 9910570226 ਈਮੇਲ: monica.Gupta@rblbank.com) ਅਤੇ ਮਾਨਿਕ ਕਪੂਰ, ਸੰਪਰਕ : 9999889121, ਈਮੇਲ: manik.kapoor@rblbank.com) ਨਾਲ ਸੰਪਰਕ ਕਰ ਸਕਦੇ ਹਨ। (5) ਬੈਂਕ ਦਾ ਅਧਿਕਾਰਤ ਅਧਿਕਾਰੀ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਬੋਲੀ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ, ਅਤੇ/ਜਾਂ ਨਿਲਾਮੀ ਨੂੰ ਮੁਲਤਵੀ/ਰੱਦ ਕਰਨ ਦਾ ਅਧਿਕਾਰ ਰੱਖਦਾ ਹੈ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਅਤੇ ਬਾਈਡਿੰਗ ਹੋਵੇਗਾ। (6) ਸਫ਼ਲ ਬੋਲੀਕਾਰ ਨੂੰ ਢੋਆ-ਢੁਆਈ ਲਈ ਭੁਗਤਾਨ ਯੋਗ ਚਾਰਜ/ਫ਼ੀਸ ਸਹਿਣੀ ਚਾਹੀਦੀ ਹੈ ਜਿਵੇਂ ਕਿ। ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਖਰਚੇ ਆਦਿ, ਲਾਗੂ ਕਾਨੂੰਨ ਦੇ ਅਨੁਸਾਰ ਅਤੇ ਹੋਰ ਜਾਣੇ/ਅਣਜਾਣੇ ਕਾਨੂੰਨੀ/ਸਰਕਾਰੀ/ਲੇਬਰ ਬਕਾਏ/ਟੈਕਸ ਬਕਾਏ ਆਦਿ ਦਾ ਖਰੀਦ ਵਿਚਾਰ ਤੋਂ ਉਪਰ ਭੁਗਤਾਨ ਵੀ ਕਰਨਾ ਹੋਵੇਗਾ। (7) ਸਫਲ ਬੋਲੀਕਾਰ ਨੂੰ ਬੋਲੀ ਦੀ ਕੀਮਤ ਦਾ 25% ਪਹਿਲਾਂ ਹੀ ਜਮ੍ਹਾ ਕਰਾਏ ਗਏ ਈਐਮਡੀ ਨੂੰ ਅਧਿਕ੍ਰਿਤ ਅਧਿਕਾਰੀ ਦੁਆਰਾ ਬੋਲੀ ਦੀ ਕੀਮਤ ਨੂੰ ਸਵੀਕਾਰ ਕਰਨ ਦੇ ਅਗਲੇ ਦਿਨ ਦੇ ਅੰਦਰ ਐਡਜਸਟ ਕਰਨ ਤੋਂ ਬਾਅਦ ਅਤੇ ਬਾਕੀ ਬਚੀ ਬੋਲੀ ਕੀਮਤ ਦਾ 75% ਵਿਕਰੀ ਦੇ 15ਵੇਂ ਦਿਨ ਜਾਂ ਇਸ ਤੋਂ ਪਹਿਲਾਂ ਜਮ੍ਹਾ ਕਰਨਾ ਹੋਵੇਗਾ। ਜਾਂ ਅਜਿਹੀ ਵਿਸਤ੍ਰਿਤ ਮਿਆਦ ਦੇ ਅੰਦਰ, ਜਿਵੇਂ ਕਿ ਅਧਿਕਾਰਤ ਅਧਿਕਾਰੀ ਦੁਆਰਾ ਅਤੇ ਪੂਰੀ ਤਰ੍ਹਾਂ ਨਾਲ ਲਿਖਤੀ ਰੂਪ ਵਿੱਚ ਸਹਿਮਤੀ ਦਿੱਤੀ ਗਈ ਹੈ। ਉਪਰੋਕਤ ਨਿਰਧਾਰਤ ਸਮੇਂ ਦੇ ਅੰਦਰ ਬੋਲੀ ਦੀ ਰਕਮ ਦਾ 25%/ 75% ਬਕਾਇਆ ਰਕਮ ਜਮ੍ਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਜਮ੍ਹਾ ਕੀਤੀ ਸਾਰੀ ਰਕਮ (ਈਐਮਡੀ ਸਮੇਤ) ਨੂੰ ਅਧਿਕਾਰਤ ਅਧਿਕਾਰੀ ਦੁਆਰਾ ਬਿਨਾਂ ਕਿਸੇ ਨੋਟਿਸ ਦੇ ਜ਼ਬਤ ਕਰ ਲਿਆ ਜਾਵੇਗਾ ਅਤੇ ਸਹੀ ਢੰਗ ਨਾਲ ਤੁਰੰਤ ਦੁਬਾਰਾ ਵੇਚ ਦਿੱਤਾ ਜਾਵੇਗਾ। ਅਧਿਕਾਰਤ ਅਧਿਕਾਰੀ ਬਿਨਾਂ ਕੋਈ ਕਾਰਨ ਦੱਸੇ ਨਿਲਾਮੀ ਦੀ ਵਿਕਰੀ ਨੂੰ ਸਵੀਕਾਰ ਜਾਂ ਰੱਦ/ਜਾਂ ਸਾਰੀਆਂ ਬੋਲੀਆਂ ਨੂੰ ਮੁਲਤਵੀ ਕਰਨ, ਮੁਲਤਵੀ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

ਸਰਫਾਇਸੀ ਐਕਟ ਦੇ ਤਹਿਤ ਕਾਨੂੰਨੀ 15 ਦਿਨਾਂ ਦੀ ਵਿਕਰੀ ਨੋਟਿਸ

ਕਰਜਦਾਰ/ਗਿਰਵੀਕਾਰ'ਜ਼/ਗਰੰਟਰ'ਾਂ (ਕਿਸੇ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ(ਾਂ) ਦੀ ਮੌਤ ਦੇ ਮਾਮਲੇ ਵਿਚ ਕਾਨੂੰਨੀ ਵਾਰਸਾਂ ਸਮੇਤ) ਨੂੰ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਲੈਣ-ਦੇਣ ਦਸਤਾਵੇਜ਼ਾਂ ਦੇ ਅਨੁਸਾਰ ਉਪਰੋਕਤ ਰਕਮ ਦੇ ਨਾਲ-ਨਾਲ ਹੋਰ ਵਿਆਜ ਦੇ ਨਾਲ-ਨਾਲ ਅਤੇ ਹੋਰ ਵਿਆਜ ਅਤੇ ਰਕਮਾਂ ਦਾ ਭੁਗਤਾਨ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ, ਜੋ ਕਿ ਸਹੀ ਢੰਗ ਨਾਲ ਕਰੇਗਾ। ਬਕਾਇਆ ਬਕਾਇਆ ਵਸੂਲਣ ਲਈ ਨਿਲਾਮੀ/ਵੇਚਿਆ ਜਾਵੇ।

ਮਿਤੀ : 05-10-2024, ਸਥਾਨ : ਜਲੰਧਰ — ਸਹੀ/- ਅਧਿਕਾਰਤ ਅਫ਼ਸਰ, ਆਰਬੀਐਲ ਬੈਂਕ ਲਿਮ.